# ਤੱਥਾਂ ਦਾ ਪਰਚਾ

27 ਅਗਸਤ 2009 ਮਨਿਸਟਰੀ ਆਫ਼ ਐਜੁਕੇਸ਼ਨ (Ministry of Education)

## ਸਕੂਲ ਵਾਪਸੀ ਮੌਕੇ ਵਾਤਾਵਰਣ ਸੰਬੰਧੀ ਸੁਝਾਅ

**ਸਕੂਲ ਵਿਖੇ:**

- ਬੋਤਲਾਂ ਵਿੱਚ ਉਪਲਬਧ ਪਾਣੀ ਦੀ ਬਜਾਏ ਬੱਚਿਆਂ ਨੂੰ ਸਕੂਲ ਵਿਖੇ ਟੂਟੀ ਦਾ ਪਾਣੀ ਪੀਣ ਲਈ ਹੱਲਾਸ਼ੇਰੀ ਦਿਓ।
- ਬੱਚਿਆਂ ਨੂੰ ਉਤਸ਼ਾਹਿਤ ਕਰੋ ਕਿ ਸਕੂਲ ਵਿਖੇ ਮੌਜੂਦਾ “ਰੀਸਾਈਕਲਿੰਗ ਕਲੱਬ” ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਜਾਂ ਖੁਦ ਆਪਣਾ ਨਵਾਂ ਕਲੱਬ ਬਣਾਉਣ।
- ਸਕੂਲ ਦਾ ਸਾਮਾਨ ਖਰੀਦਣ ਵੇਲ਼ੇ ਅਜਿਹੀਆਂ ਵਸਤਾਂ ਖਰੀਦੋ ਜੋ ਮੁੜ-ਵਰਤੀਆਂ ਜਾ ਸਕਣ ਜਾਂ ਜਿਨ੍ਹਾਂ ਦੀ ਪੈਕਿੰਗ ਦਾ ਸਾਮਾਨ ਮੁੜ-ਵਰਤੋਂ ਵਾਲਾ ਹੋਵੇ, ਅਤੇ ਪਿਛਲੇ ਸਾਲ ਦਾ ਬਚਿਆ ਸਕੂਲ ਦਾ ਸਾਮਾਨ ਮੁੜ ਵਰਤ ਲਓ।
- ਕੂੜੇ ਦੀ ਵੱਧ ਤੋਂ ਵੱਧ ਮੁੜਵਰਤੋਂ ਕਰੋ। ਮੁੜ ਵਰਤੇ ਜਾ ਸਕਣ ਵਾਲੇ ਡੱਬਿਆਂ ਅਤੇ ਲਫਾਫਿਆਂ ਵਿੱਚ ਖਾਣਾ ਦੇ ਕੇ, ਅਤੇ ਪਹਿਲਾਂ ਹੀ ਪੈਕ ਹੋਏ ਅਤੇ “ਪ੍ਰਾਸੈੱਸ” ਕੀਤੇ ਭੋਜਨ ਭੋਜਨ ਪਦਾਰਥਾਂ ਤੋਂ ਪਰਹੇਜ਼ ਕਰ ਕੇ, ਆਪਣੇ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਕੂੜਾ-ਰਹਿਤ ਦੇਣ ਦਾ ਨਿਸ਼ਾਨਾ ਰੱਖੋ।

**ਘਰ ਵਿਖੇ :**

- ਸਾਫ-ਸੁਥਰੇ “ਵੈਕਸ ਪੇਪਰ”, ਪਲਾਸਟਿਕ ਦੇ ਲਫਾਫੇ ਅਤੇ “ਟਿਨਫੌਇਲ” ਨੂੰ ਕਈ ਵਾਰੀ ਵਰਤਿਆ ਜਾ ਸਕਦਾ ਹੈ। ਸਕੂਲ ਲਈ ਦੁਪਹਿਰ ਦੇ ਖਾਣੇ ਬੰਨ੍ਹਣ ਲੱਗਿਆਂ ਪਹਿਲਾਂ ਤੋਂ ਹੀ ਤਿਆਰ ਪੀਣ ਵਾਲੇ ਪਦਾਰਥ ਪਾਉਣ ਦੀ ਬਜਾਏ ਠੰਢੇ ਦੁੱਧ ਜਾਂ ਜੂਸ ਨਾਲ ਇੱਕ ਛੋਟੀ ਜਿਹੀ ਥਰਮੋਸ ਬੋਤਲ ਭਰ ਕੇ ਪਾਉਣ ਨਾਲ ਪੈਕਿੰਗ ਪਦਾਰਥਾਂ ਦੀ ਬੇਲੋੜੀ ਮਿਕਦਾਰ ਵਿੱਚ ਕਟੌਤੀ ਹੋ ਸਕੇਗੀ।
- ਚੰਗੇ ਮਿਆਰ ਵਾਲੀਆਂ ਹੰਢਣਸਾਰ ਵਸਤਾਂ ਖਰੀਦੋ ਜੋ ਛੋਟੇ ਬੱਚਿਆਂ ਦੇ ਵੀ ਸਪੁਰਦ ਕੀਤੀਆਂ ਜਾ ਸਕਣ।
- ਕੱਪੜੇ ਧੋਣ ਲਈ ਠੰਢੇ ਪਾਣੀ ਦੀ ਵਰਤੋਂ ਕਰੋ।
- ਸ਼ਾਵਰ ਵਿੱਚ ਪਾਣੀ ਦੇ ਵਹਾਅ ਦੀ ਮਿਆਦ ਸੀਮਤ ਕਰਨ ਵਾਲਾ ਫੁਹਾਰਾ ਲਾ ਕੇ ਬੱਚਿਆਂ ਨੂੰ ਥੋੜੇ ਸਮੇਂ ਵਿੱਚ ਨਹਾਉਣ ਲਈ ਪ੍ਰੇਰੋ।
- ਇਹ ਗੱਲ ਪੱਕੀ ਕਰੋ ਕਿ ਬੱਚੇ ਪਾਣੀ ਲਗਾਤਾਰ ਵਗਦਾ ਛੱਡ ਕੇ ਦੰਦਾਂ ਨੂੰ ਬੁਰਸ਼ ਕਰਨ ਦੀ ਜਗ੍ਹਾ ਟੂਟੀ ਬੰਦ ਕਰ ਕੇ ਬੁਰਸ਼ ਕਰਨ।

**ਸੜਕ ਉੱਤੇ:**

- ਪਲੀਤਕਾਰੀ ਧੂੰਆਂ ਘਟਾਉਣ ਲਈ ਬੱਚੇ ਨੂੰ ਗੱਡੀ ਵਿੱਚ ਛੱਡ ਕੇ ਆਉਣ ਦੀ ਜਗ੍ਹਾ ਤੁਰ ਕੇ, ਜਾਂ ਸਾਈਕਲ ’ਤੇ ਛੱਡ ਕੇ ਆਓ।
- ਆਪਣੇ ਬੱਚੇ ਨੂੰ ਹਿਫਾਜ਼ਤ ਨਾਲ ਸਕੂਲ ਪਹੁੰਚਾਉਣ ਲਈ ਆਪਣੇ ਗਵਾਂਢ ਵਿਚਲੀ “ਵਾਕਿੰਗ ਸਕੂਲ ਬੱਸ” (Walking School Bus) ਜਾਂ “ਬਾਈਸਿਕਲ ਟਰੇਨ” (Bicycle Train) ਵਿੱਚ ਹਿੱਸਾ ਲਓ ਜਾਂ ਖੁਦ ਕੋਸ਼ਿਸ਼ ਕਰ ਕੇ ਨਵਾਂ ਗਰੁੱਪ ਬਣਾਓ।
- ਆਪਣੇ ਬੱਚਿਆਂ ਨੂੰ ਹੱਲਾਸ਼ੇਰੀ ਦਿਓ ਕਿ ਜਿੰਨੀ ਵਾਰੀ ਵੀ ਹੋ ਸਕੇ, ਟਰਾਂਜ਼ਿਟ ਬੱਸਾਂ ਵਿੱਚ ਸਕੂਲ ਜਾਣ ਜਾਂ ਆਪਣੇ ਮੁਹੱਲੇ ਵਾਲਿਆਂ ਦਾ ਇੱਕ “ਕਾਰਪੂਲ” ਬਣਾ ਲਓ।
- ਕਾਰ ਖਰੀਦਣ ਦੀ ਜਗ੍ਹਾ ਸਕੂਲ ਤਕ ਦੇ ਸਫਰਾਂ ਵਾਸਤੇ ਸਾਂਝੇ ਤੌਰ ’ਤੇ ਕਾਰ ਵਰਤਣ ਲਈ ਸਹਿਕਾਰਤਾ ਵਿੱਚ ਹਿੱਸਾ ਲਓ।
- ਜੇ ਬੱਚੇ ਨੂੰ ਸਕੂਲ ਛੱਡ ਕੇ ਆਉਣਾ ਹੀ ਪਵੇ ਤਾਂ ਲੱਗਦੇ ਹੱਥ ਨੇੜੇ-ਤੇੜੇ ਦੇ ਹੋਰ ਕੰਮ ਵੀ ਕਰ ਲਓ ਤਾਂ ਕਿ ਤੁਹਾਡੀ ਗੱਡੀ ਦਾ ਇੰਝਣ ਗਰਮ ਰਹੇ।
- ਟਾਇਰਾਂ ਵਿੱਚ ਹਵਾ ਦਾ ਸਹੀ ਦਬਾਅ ਰੱਖੋ, ਟਾਇਰਾਂ ਨੂੰ ਹਫਤਾਵਾਰੀ ਜਾਂਚੋ, ਅਤੇ ਆਪਣੀ ਕਾਰ ਦਾ ਬਾਕਾਇਦਗੀ ਨਾਲ ਰੱਖ-ਰਖਾਅ ਕਰਦੇ ਰਹੋ।

-30-

ਮੀਡੀਆ ਸੰਪਰਕ: ਪਬਲਿਕ ਅਫੇਅਰਜ਼ ਬਿਊਰੋ (Public Affairs Bureau)
ਮਨਿਸਟਰੀ ਆਫ਼ ਐਜੁਕੇਸ਼ਨ (Ministry of Education)
250 356-5963

ਆਨਲਾਈਨ ਜਾਣਕਾਰੀ ਅਤੇ ਸੇਵਾਵਾਂ ਲਈ www.gov.bc.ca ਵਿਖੇ ਸੂਬੇ ਦੀ ਵੈੱਬਸਾਈਟ ਵੇਖੋ।